# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 04 ਸਤੰਬਰ 2026 ਦਿਨ ਸ਼ੁੱਕਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਗੁਨਜੀਤ ਰੁਚੀ ਬਾਵਾ ਸਕੂਲ ਆਫ਼ ਐਮੀਨੈਂਸ ਢੋਲੇਵਾਲ 'ਚ ਬਾਲ ਅਧਿਕਾਰਾਂ ਪ੍ਰਤੀ ਜਾਗਰੂਕਤਾ ਲਈ ਵਿਦਿਆਰਥੀਆਂ ਨਾਲ ਰੂ-ਬ-ਰੂ ਹੋਈ

### ਪ੍ਰੀਖਿਆਵਾਂ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਵਿਦਿਅਕ ਸਹਾਇਤਾ, 390 ਬੱਚਿਆਂ ਨੂੰ ਮਿਲੇ ਬੋਰਡ ਤੇ ਪੈੱਨ

### ਦੁਰਵਿਵਹਾਰ ਜਾਂ ਪਰੇਸ਼ਾਨੀ ਦੀ ਸੂਰਤ 'ਚ ਚੁੱਪ ਨਾ ਰਹਿਣ ਬੱਚੇ: ਗੁਨਜੀਤ ਰੁਚੀ ਬਾਵਾ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ, 4 ਸਤੰਬਰ, : ਵਿਦਿਆਰਥੀਆਂ ਨੂੰ ਵਿਦਿਅਕ ਸਹਾਇਤਾ ਪ੍ਰਦਾਨ ਕਰਨ ਅਤੇ ਬਾਲ ਅਧਿਕਾਰਾਂ ਪ੍ਰਤੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ 'ਨੰਨ੍ਹੇ ਕਦਮ' ਪਹਿਲਕਦਮੀ ਤਹਿਤ ਪੰਜਾਬ ਬਾਲ ਅਧਿਕਾਰ ਕਮਿਸ਼ਨ ਦੀ ਵਾਈਸ ਚੇਅਰਪਰਸਨ ਸ੍ਰੀਮਤੀ ਗੁਨਜੀਤ ਰੁਚੀ ਬਾਵਾ ਨੇ ਸਕੂਲ ਆਫ਼ ਐਮੀਨੈਂਸ, ਢੋਲੇਵਾਲ ਵਿਖੇ ਵਿਦਿਆਰਥੀਆਂ ਨਾਲ ਵਿਸ਼ੇਸ਼ ਗੱਲਬਾਤ ਕੀਤੀ। ਇਸ ਮੌਕੇ ਆਉਣ ਵਾਲੀਆਂ ਪ੍ਰੀਖਿਆਵਾਂ ਦੇ ਮੱਦੇਨਜ਼ਰ 390 ਵਿਦਿਆਰਥੀਆਂ ਨੂੰ ਗੱਤੇ ਦੇ ਲਿਖਣ ਵਾਲੇ ਬੋਰਡ ਅਤੇ ਪੈੱਨ ਵੰਡੇ ਗਏ। ਇਹ ਲਿਖਣ ਵਾਲੇ ਬੋਰਡ ਆਸ ਅਹਿਸਾਸ ਐਨ.ਜੀ.ਓ. ਵੱਲੋਂ ਸਪਾਂਸਰ ਕੀਤੇ ਗਏ।



ਵਿਦਿਆਰਥੀਆਂ ਨਾਲ ਗੱਲਬਾਤ ਕਰਦਿਆਂ ਸ੍ਰੀਮਤੀ ਬਾਵਾ ਨੇ ਕਿਹਾ ਕਿ ਪ੍ਰੀਖਿਆਵਾਂ ਵਿਦਿਆਰਥੀਆਂ ਦੇ ਜੀਵਨ ਦਾ ਅਹਿਮ ਪੜਾਅ ਹਨ, ਪਰ ਸਫਲਤਾ ਸਿਰਫ਼ ਚੰਗੇ ਅੰਕ ਹਾਸਲ ਕਰਨ ਤੱਕ ਸੀਮਿਤ ਨਹੀਂ ਹੋਣੀ ਚਾਹੀਦੀ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਅਧਿਕਾਰਾਂ, ਸੁਰੱਖਿਆ ਅਤੇ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਰਹਿਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਜੇਕਰ ਕੋਈ ਬੱਚਾ ਦੁਰਵਿਵਹਾਰ, ਪਰੇਸ਼ਾਨੀ ਜਾਂ ਕਿਸੇ ਹੋਰ ਮੁਸ਼ਕਲ ਦਾ ਸਾਹਮਣਾ ਕਰਦਾ ਹੈ ਤਾਂ ਉਸ ਨੂੰ ਚੁੱਪ ਰਹਿਣ ਦੀ ਬਜਾਏ ਭਰੋਸੇ ਨਾਲ ਆਪਣੀ ਗੱਲ ਸਾਂਝੀ ਕਰਨੀ ਚਾਹੀਦੀ ਹੈ ਅਤੇ ਲੋੜ ਪੈਣ 'ਤੇ ਮਦਦ ਲੈਣੀ ਚਾਹੀਦੀ ਹੈ।

ਉਨ੍ਹਾਂ ਨੇ ਚਾਈਲਡ ਹੈਲਪਲਾਈਨ 1098 ਬਾਰੇ ਜਾਣਕਾਰੀ ਦਿੰਦਿਆਂ ਵਿਦਿਆਰਥੀਆਂ ਨੂੰ ਇਸ ਨੂੰ ਇੱਕ ਮਹੱਤਵਪੂਰਨ ਸਹਾਇਤਾ ਪ੍ਰਣਾਲੀ ਵਜੋਂ ਯਾਦ ਰੱਖਣ ਦੀ ਅਪੀਲ ਕੀਤੀ।

ਸ੍ਰੀਮਤੀ ਬਾਵਾ ਨੇ ਕਿਹਾ ਕਿ 'ਨੰਨ੍ਹੇ ਕਦਮ' ਦਾ ਉਦੇਸ਼ ਬੱਚਿਆਂ ਨੂੰ ਉਨ੍ਹਾਂ ਦੀ ਸਿੱਖਿਆ ਦੇ ਨਾਲ-ਨਾਲ ਜਾਗਰੂਕ, ਸੁਰੱਖਿਅਤ ਅਤੇ ਸਸ਼ਕਤ ਨਾਗਰਿਕ ਬਣਨ ਲਈ ਉਤਸ਼ਾਹਿਤ ਕਰਨਾ ਹੈ।

ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਹਰਦੀਪ ਕੌਰ ਸਮੇਤ ਸਕੂਲ ਦਾ ਸਟਾਫ਼ ਵੀ ਹਾਜ਼ਰ ਸੀ।

## ਦਸ਼ਮੇਸ਼ ਗਲੋਰੀਅਸ ਪਬਲਿਕ ਸਕੂਲ 'ਚ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਾਵਨ ਤਿਉਹਾਰ ਮੌਕੇ ਵਿਸ਼ੇਸ਼ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 4 ਸਤੰਬਰ : ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਾਵਨ ਤਿਉਹਾਰ ਮੌਕੇ ਦਸ਼ਮੇਸ਼ ਗਲੋਰੀਅਸ ਪਬਲਿਕ ਸਕੂਲ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਕੂਲ ਦਾ ਮਾਹੌਲ ਭਗਤੀ ਅਤੇ ਖੁਸ਼ੀ ਨਾਲ ਰੰਗਿਆ ਹੋਇਆ ਸੀ। ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨਾਲ ਸਬੰਧਤ ਕਵਿਤਾਵਾਂ, ਭਜਨ, ਭਾਸ਼ਣ ਅਤੇ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ। ਨਰਸਰੀ ਜਮਾਤ ਦੇ ਵਿਦਿਆਰਥੀਆਂ ਨੇ ਇੱਕ ਸੁੰਦਰ ਨਾਚ ਰਾਹੀਂ ਆਪਣੀ ਭਗਤੀ ਨੂੰ ਪੇਸ਼ ਕੀਤਾ, ਬੱਚੇ ਬਹੁਤ ਹੀ ਸੁੰਦਰ ਸੁੰਦਰ ਪੁਸ਼ਾਕਾਂ ਪਹਿਨ ਕੇ ਆਏ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਰਾਧਾ-ਕ੍ਰਿਸ਼ਨ ਦੀ ਵੇਸ਼ਭੂਸ਼ਾ ਵਿੱਚ ਮਨਮੋਹਕ ਪੇਸ਼ਕਾਰੀ ਦਿੱਤੀ। ਉਨ੍ਹਾਂ ਦੀਆਂ ਸੁੰਦਰ ਪੇਸ਼ਕਾਰੀਆਂ ਨੇ ਸਾਰਿਆਂ ਦਾ ਮਨ ਮੋਹ ਲਿਆ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਤੋਂ ਪਿਆਰ, ਸੱਚਾਈ, ਨੇਕੀ ਅਤੇ ਧਰਮ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਗਈ। ਜਨਮ ਅਸ਼ਟਮੀ ਦੇ ਸੰਬੰਧ ਵਿੱਚ ਵਿਦਿਆਰਥੀਆਂ ਵਿਚਕਾਰ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ ਜਿਸ ਵਿੱਚ ਸ੍ਰੀ ਕ੍ਰਿਸ਼ਨ ਜੀ ਦੇ ਜੀਵਨ ਸਬੰਧੀ ਪ੍ਰਸ਼ਨ ਉੱਤਰ ਕੀਤੇ ਗਏ। ਸਮਾਗਮ ਦੇ ਅੰਤ ਵਿੱਚ ਸਕੂਲ ਦੇ ਐਮ.ਡੀ ਸਰਦਾਰ ਬਲਜੀਤ ਸਿੰਘ, ਡਾਇਰੈਕਟਰ ਪ੍ਰਿੰਸੀਪਲ ਮੈਡਮ ਸੁਰਿੰਦਰ ਕੌਰ ਅਤੇ ਸਕੂਲ ਦੇ ਪ੍ਰਿੰਸੀਪਲ ਮੈਡਮ ਰੁਬੀਨਾ ਧੀਰ ਨੇ ਭਾਸ਼ਣ ਵਿੱਚ ਸੱਚ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਨਾ ਦਿੱਤੀ ਅਤੇ ਸਾਰਿਆਂ ਨੂੰ ਇੱਕ ਸਾਰ ਸਮਝਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਦੋਸਤੀ ਵੀ ਸ੍ਰੀ ਕ੍ਰਿਸ਼ਨ ਜੀ ਤੇ ਸੁਦਾਮੇ ਵਰਗੀ ਹੋਣੀ ਚਾਹੀਦੀ ਹੈ, ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਜਨਮ ਅਸ਼ਟਮੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਇਹ ਸਮਾਗਮ ਵਿਦਿਆਰਥੀਆਂ ਲਈ ਖੁਸ਼ੀ ਅਤੇ ਸਿੱਖਿਆ ਨਾਲ ਭਰਪੂਰ ਇੱਕ ਯਾਦਗਾਰ ਅਨੁਭਵ ਬਣਿਆ।



## ਨਾਸ ਦੀ ਲੁਧਿਆਣਾ ਸ਼ਾਖਾ ਨੂੰ ਜੀਨੋਮ ਸੰਪਾਦਨ ਦੀਆਂ ਸੰਭਾਵਨਾਵਾਂ ਬਾਰੇ ਵਿਸ਼ੇਸ਼ ਭਾਸ਼ਣ ਪੀ.ਏ.ਯੂ. ਵਿਖੇ ਕਰਵਾਇਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 4 ਸਤੰਬਰ : ਖੇਤੀ ਵਿਗਿਆਨਾਂ ਬਾਰੇ ਰਾਸ਼ਟਰੀ ਅਕੈਡਮੀ (ਨਾਸ) ਦੇ ਲੁਧਿਆਣਾ ਚੈਪਟਰ ਵੱਲੋਂ ਬੀਤੇ ਦਿਨੀਂ ਪੀ.ਏ.ਯੂ. ਵਿਖੇ ਜੀਨੋਮ ਸੰਪਾਦਨ ਦੀਆਂ ਵਿਸ਼ਵੀ ਸੰਭਾਵਨਾਵਾਂ ਬਾਰੇ ਵਿਸ਼ੇਸ਼ ਭਾਸ਼ਣ ਪੀ.ਏ.ਯੂ. ਵਿਖੇ ਆਯੋਜਿਤ ਕੀਤਾ ਗਿਆ| ਭਾਰਤੀ ਖੇਤੀ ਖੋਜ ਪ੍ਰੀਸ਼ਦ ਦੇ ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਖੋਜ ਬਾਰੇ ਸਾਬਕਾ ਨਿਰਦੇਸ਼ਕ ਡਾ. ਕੇ ਸੀ ਬਾਂਸਲ ਇਸ ਮੌਕੇ ਮੁੱਖ ਬੁਲਾਰੇ ਵਜੋਂ ਸ਼ਾਮਿਲ ਹੋਏ| ਨਾਸ ਦੀ ਲੁਧਿਆਣਾ ਸ਼ਾਖਾ ਦੇ ਕਨਵੀਨਰ ਅਤੇ ਪੀ.ਏ.ਯੂ. ਦੇ ਨਿਰਦੇਸ਼ਕ ਖੋਜ ਡਾ. ਅਜਮੇਰ ਸਿੰਘ ਢੱਟ ਨੇ ਇਸ ਸਮਾਰੋਹ ਦੀ ਪ੍ਰਧਾਨਗੀ ਕੀਤੀ| ਇਹ ਸਮਾਗਮ ਡਾ. ਗੁਰਦੇਵ ਸਿੰਘ ਖੁਸ਼ ਸੰਸਥਾਨ ਪਲਾਂਟ ਬਰੀਡਿੰਗ ਅਤੇ ਬਾਇਓਤਕਨਾਲੋਜੀ ਕੇਂਦਰ ਪੀ.ਏ.ਯੂ. ਵਿਖੇ ਆਯੋਜਿਤ ਕੀਤਾ ਗਿਆ|

ਡਾ. ਕੇ ਸੀ ਬਾਂਸਲ ਨੇ ਆਪਣੇ ਭਾਸ਼ਣ ਵਿਚ ਜੀਨੋਮ ਸੰਪਾਦਨ ਦੀ ਇਕ ਖੇਤਰ ਵਜੋਂ ਮਹੱਤਤਾ ਬਾਰੇ ਗੱਲ ਕਰਨ ਦੇ ਨਾਲ-ਨਾਲ ਫਸਲ ਸੁਧਾਰ ਦੇ ਖੇਤਰ ਵਿਚ ਇਸ ਵਿਧੀ ਦੇ ਮੌਕਿਆਂ, ਸੀਮਾਵਾਂ ਅਤੇ ਸੰਭਾਵਨਾਵਾਂ ਦੀ ਗੱਲ ਕੀਤੀ| ਉਹਨਾਂ ਕਿਹਾ ਕਿ ਵਾਤਾਵਰਨੀ ਬਦਲਾਅ ਸਮੇਤ ਤਾਪ ਅਤੇ ਸੋਕੇ ਤੋਂ ਇਲਾਵਾ ਨਵੀਂ ਤਰ੍ਹਾਂ ਦੇ ਕੀੜੇ-ਮਕੌੜੇ ਪੈਦਾ ਹੋਣ ਵਰਗੀਆਂ ਮੁਸ਼ਕਿਲਾਂ ਖੇਤੀ ਨੂੰ ਦਰਪੇਸ਼ ਹਨ| ਇਸ ਤੋਂ ਇਲਾਵਾ ਲਗਾਤਾਰ ਘਟਦੀ ਵਾਹੀਯੋਗ ਜ਼ਮੀਨ, ਕੁਦਰਤੀ ਸਰੋਤਾਂ ਦਾ ਘਾਣ ਆਦਿ ਭੋਜਨ ਸੁਰੱਖਿਆ ਨੂੰ ਲਗਾਤਾਰ ਖਤਰਾ ਪੇਸ਼ ਕਰਨ ਵਾਲੇ ਕਾਰਕ ਹਨ| ਇਸਦੇ ਮੱਦੇਨਜ਼ਰ ਜੀਨੋਮ ਸੰਪਾਦਨ ਵਰਗੀਆਂ ਨਵੀਆਂ ਵਿਧੀਆਂ ਅਪਣਾ ਕੇ ਖੇਤੀ ਕਾਸ਼ਤ ਨੂੰ ਲਗਾਤਾਰ ਬਰਕਰਾਰ ਰੱਖਿਆ ਜਾ ਸਕਦਾ ਹੈ| ਡਾ. ਬਾਂਸਲ ਨੇ ਦੱਸਿਆ ਕਿ ਭਾਰਤ ਨੇ ਜੀਨੋਮ ਸੰਪਾਦਨ ਰਾਹੀਂ ਹਾਲ ਹੀ ਵਿਚ ਚੌਲਾਂ ਦੀਆਂ ਕਿਸਮਾਂ ਪੈਦਾ ਕੀਤੀਆਂ ਅਤੇ ਇਹ ਵਿਧੀ ਖੇਤੀ ਸਥਿਰਤਾ ਅਤੇ ਵਿਕਾਸ ਲਈ ਹੋਰ ਸੁਧਾਰਾਂ ਸਮੇਤ ਖੋਜੀਆਂ ਕੋਲੋਂ ਲਗਾਤਾਰ ਧਿਆਨ ਦੀ ਮੰਗ ਕਰਦੀ ਹੈ|

ਡਾ. ਅਜਮੇਰ ਸਿੰਘ ਢੱਟ ਨੇ ਡਾ. ਬਾਂਸਲ ਦੇ ਭਾਸ਼ਣ ਦੀ ਪ੍ਰਸ਼ੰਸ਼ਾ ਕੀਤੀ| ਉਹਨਾਂ ਕਿਹਾ ਕਿ ਪੀ.ਏ.ਯੂ. ਨੇ ਜੀਨੋਮ ਸੰਪਾਦਨ ਨੂੰ ਸੋਇਆਬੀਨ, ਝੋਨਾ, ਬਾਸਮਤੀ, ਕਣਕ, ਛੋਲੇ, ਮੱਕੀ, ਗੰਨਾ ਆਦਿ ਫਸਲਾਂ ਉੱਪਰ ਵਿਗਿਆਨਕ ਵਿਧੀ ਦੇ ਤੌਰ ਤੇ ਲਾਗੂ ਕੀਤਾ ਹੈ| ਡਾ. ਢੱਟ ਨੇ ਦੱਸਿਆ ਕਿ ਇਸ ਨਾਲ ਕਿਸਾਨਾਂ ਅਤੇ ਉਦਯੋਗਿਕ ਇਕਾਈਆਂ ਵੱਲੋਂ ਬੜੇ ਸਾਰਥਕ ਸੁਝਾਅ ਸਾਹਮਣੇ ਆਏ| ਪੀ.ਏ.ਯੂ. ਨੇ ਜ਼ਰਮਪਲਾਜ਼ਮ, ਜੀਨ ਵਿਗਿਆਨ, ਮੌਲੀਕਿਊਲਰ ਬਰੀਡਿੰਗ ਅਤੇ ਸਪੀਡ ਬਰੀਡਿੰਗ ਵਰਗੇ ਤਰੀਕੇ ਅਪਣਾ ਕੇ ਨਵੀਆਂ ਵਿਗਿਆਨਕ ਵਿਧੀਆਂ ਰਾਹੀਂ ਖੇਤੀ ਵਿਗਿਆਨ ਨੂੰ ਅੱਗੇ ਵਧਾਉਣ ਦਾ ਸਿਲਸਿਲਾ ਜਾਰੀ ਰੱਖਿਆ ਹੈ|

ਇਸ ਮੌਕੇ ਯੂਨੀਵਰਸਿਟੀ ਦੇ ਉੱਚ ਅਧਿਕਾਰੀ ਅਤੇ ਪਤਵੰਤੇ ਲੋਕ ਹਾਜ਼ਰ ਸਨ| ਡਾ. ਪ੍ਰਵੀਨ ਛੁਨੇਜਾ ਨੇ ਨਾਸ ਦੇ ਖਜ਼ਾਨਚੀ ਵਜੋਂ ਸਭ ਦਾ ਧੰਨਵਾਦ ਕੀਤਾ| ਡਾ. ਗੁਰਦੇਵ ਸਿੰਘ ਖੁਸ਼ ਸੰਸਥਾਨ ਦੇ ਨਿਰਦੇਸ਼ਕ ਡਾ. ਸਤਿੰਦਰ ਕੌਰ ਨੇ ਸਭ ਦਾ ਧੰਨਵਾਦ ਕੀਤਾ| ਨਾਸ ਦੇ ਸੰਚਾਲਕ ਡਾ. ਗੌਰਵ ਕੁਮਾਰ ਤੱਗੜ ਨੇ ਸਮਾਰੋਹ ਦਾ ਸੰਚਾਲਨ ਕੀਤਾ|

## ਰਾਸ਼ਟਰੀ ਪੋਸ਼ਣ ਦਿਹਾੜੇ ਸੰਬੰਧੀ ਵਿਸ਼ੇਸ਼ ਪ੍ਰੋਗਰਾਮ ਪੀ.ਏ.ਯੂ. ਵਿਚ ਆਯੋਜਿਤ ਹੋਇਆ

ਵਰਲਡ ਪੰਜਾਬੀ ਟਾਈਮਜ਼




ਲੁਧਿਆਣਾ 4 ਸਤੰਬਰ : ਪੀ.ਏ.ਯੂ. ਦੇ ਭੋਜਨ ਅਤੇ ਪੋਸ਼ਣ ਵਿਭਾਗ ਵੱਲੋਂ ਭਾਰਤੀ ਪੋਸ਼ਣ ਸੁਸਾਇਟੀ ਦੇ ਲੁਧਿਆਣਾ ਚੈਪਟਰ ਦੇ ਸਹਿਯੋਗ ਨਾਲ ਰਾਸ਼ਟਰੀ ਪੋਸ਼ਣ ਮਾਹ ਮਨਾਉਂਦਿਆਂ ਇਕ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ| ਇਸ ਭਾਸ਼ਣ ਨੂੰ ਸਾਂਝਾ ਕਰਨ ਲਈ ਪੋਸ਼ਣ ਮਾਹਿਰ ਅਤੇ ਪੀ.ਏ.ਯੂ. ਦੇ ਸਾਬਕਾ ਵਿਦਿਆਰਥੀ ਡਾ. ਕ੍ਰਿਪਾ ਸੇਠ ਮੌਜੂਦ ਸਨ| ਉਹਨਾਂ ਨੇ ਸਰੀਰਕ ਅਤੇ ਮਾਨਸਿਕ ਸਿਹਤ ਦੇ ਸੁਮੇਲ ਬਾਰੇ ਗੱਲ ਕਰਦਿਆਂ ਪੋਸ਼ਣ ਦੀ ਮਹੱਤਤਾ ਦ੍ਰਿੜ ਕਰਵਾਈ| ਨਾਲ ਹੀ ਉਹਨਾਂ ਨੇ ਸੰਤੁਲਿਤ ਭੋਜਨ ਤੋਂ ਇਲਾਵਾ ਯੋਗਾ ਅਤੇ ਹੋਰ ਵਿਧੀਆਂ ਦੀ ਸਾਰਥਕਤਾ ਬਾਰੇ ਵਿਸਥਾਰ ਨਾਲ ਗੱਲ ਕੀਤੀ| ਹਾਜ਼ਰ ਵਿਦਿਆਰਥੀਆਂ ਅਤੇ ਮਾਹਿਰਾਂ ਨੇ ਡਾ. ਕ੍ਰਿਪਾ ਸੇਠ ਤੋਂ ਵਿਸ਼ੇ ਨਾਲ ਸੰਬੰਧਿਤ ਸਵਾਲ ਵੀ ਪੁੱਛੇ|

ਕਮਿਊਨਟੀ ਸਾਇੰਸ ਕਾਲਜ ਦੇ ਡੀਨ ਡਾ. ਕਿਰਨ ਬੈਂਸ ਨੇ ਭੋਜਨ ਅਤੇ ਪੋਸ਼ਣ ਵਿਭਾਗ ਵੱਲੋਂ ਕਰਵਾਏ ਇਸ ਸਮਾਗਮ ਦੀ ਸ਼ਲਾਘਾ ਕੀਤੀ| ਵਿਭਾਗ ਦੇ ਮੁਖੀ ਡਾ. ਹਰਪ੍ਰੀਤ ਕੌਰ ਨੇ ਰਾਸ਼ਟਰੀ ਪੋਸ਼ਣ ਮਾਹ ਸੰਬੰਧੀ ਜਾਣਕਾਰੀ ਦਿੰਦਿਆਂ ਅਜੋਕੇ ਯੁੱਗ ਵਿਚ ਪੋਸ਼ਣ ਦੀ ਸਾਰਥਕਤਾ ਅਤੇ ਤੰਦਰੁਸਤੀ ਲਈ ਇਸਦੇ ਮਹੱਤਵ ਬਾਰੇ ਗੱਲਾਂ ਕੀਤੀਆਂ| ਇਸ ਸ਼ੈਸਨ ਵਿਚ ਵਿਭਾਗ ਦੇ ਵਿਦਿਆਰਥੀਆਂ ਤੋਂ ਇਲਾਵਾ ਵਿਗਿਆਨੀ ਅਤੇ ਹੋਰ ਅਮਲਾ ਵੀ ਸ਼ਾਮਿਲ ਸੀ|

## ਮਾਊਂਟ ਲਰਨਿੰਗ ਜੂਨੀਅਰ ਸਕੂਲ ਵਿੱਚ ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਦਾ ਸ਼ਾਨਦਾਰ ਆਯੋਜਨ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਫਰੀਦਕੋਟ, 4 ਸਤੰਬਰ : ਮਾਊਂਟ ਲਰਨਿੰਗ ਜੂਨੀਅਰ ਸਕੂਲ ਫਰੀਦਕੋਟ ਵਿੱਚ ਸ੍ਰੀ ਕ੍ਰਿਸ਼ਨ ਜਨਮਾਸ਼ਟਮੀ ਦਾ ਤਿਉਹਾਰ ਬੜੇ ਉਤਸ਼ਾਹ, ਸ਼ਰਧਾ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਨੂੰ ਸੁੰਦਰ ਢੰਗ ਨਾਲ ਸਜਾਇਆ ਗਿਆ। ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਅਤੇ ਰਾਧਾ ਦੀ ਮਨਮੋਹਕ ਵੇਸ਼ਭੂਸ਼ਾ ਧਾਰਨ ਕਰਕੇ ਸਭ ਦਾ ਮਨ ਮੋਹ ਲਿਆ। ਬੰਸਰੀ ਫੜੀ ਕਾਨ੍ਹ ਦੇ ਰੂਪ ਵਿੱਚ ਸਜੇ ਛੋਟੇ ਮੁੰਡਿਆਂ ਅਤੇ ਰਾਧਾ ਦੇ ਰੂਪ ਵਿੱਚ ਸਜੀਆ ਕੁੜੀਆਂ ਨੇ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਬੱਚਿਆਂ ਦੀ ਮੌਜੂਦਗੀ ਨੇ ਸਕੂਲ ਦੇ ਮਾਹੌਲ ਨੂੰ ਬਦਲ ਦਿੱਤਾ ਅਤੇ ਉੱਥੇ ਬਿਲਕੁਲ ਬਿੰਦ੍ਰਾਵਨ ਵਰਗਾ ਮਾਹੌਲ ਸਿਰਜ ਦਿੱਤਾ। ਸਾਰਾ ਕੈਂਪਸ ਰਾਧੇ-ਰਾਧੇ ਅਤੇ ਜੈ ਸ੍ਰੀ ਕ੍ਰਿਸ਼ਨ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਵਿਦਿਆਰਥੀਆਂ ਨੇ ਸ੍ਰੀ ਕ੍ਰਿਸ਼ਨ ਦੇ ਜੀਵਨ ਨਾਲ ਸਬੰਧਤ ਸੁੰਦਰ ਪੇਸ਼ਕਾਰੀਆਂ, ਭਜਨ ਅਤੇ ਨਾਚ ਪੇਸ਼ ਕੀਤੇ। ਬੱਚਿਆਂ ਨੇ ਮਟਕੀ ਫੋੜ ਗਤੀਵਿਧੀ ਵਿੱਚ ਵੀ ਬੜੇ ਉਤਸ਼ਾਹ ਨਾਲ ਭਾਗ ਲਿਆ। ਪੂਰਾ ਸਕੂਲ ਪਰਿਸਰ ਭਗਤੀਮਈ ਮਾਹੌਲ ਨਾਲ ਰੰਗਿਆ ਹੋਇਆ ਨਜ਼ਰ ਆਇਆ। ਸਕੂਲ ਦੀ ਪ੍ਰਿੰਸੀਪਲ ਸ੍ਰੀ ਮਤੀ ਸੀਮਾ ਗੁਲਾਟੀ ਅਤੇ ਅਧਿਆਪਕਾਂ ਨੇ ਬੱਚਿਆਂ ਨੂੰ ਸ੍ਰੀ ਕ੍ਰਿਸ਼ਨ ਦੇ ਜੀਵਨ ਤੋਂ ਪ੍ਰੇਰਣਾ ਲੈ ਕੇ ਸੱਚਾਈ, ਪਿਆਰ ਅਤੇ ਸਦਭਾਵਨਾ ਦੇ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਮਾਗਮ ਦਾ ਸਮਾਪਨ ਸਾਰਿਆਂ ਨੂੰ ਜਨਮਾਸ਼ਟਮੀ ਦੀਆਂ ਸ਼ੁਭਕਾਮਨਾਵਾਂ ਦੇਣ ਨਾਲ ਹੋਇਆ।




## ਪੀਪੀਸੀਬੀ ਦੇ ਮਿਸ਼ਨ ਕਲੀਨ ਪਟਿਆਲਾ ਤਹਿਤ 17 ਦਿਨਾਂ 'ਚ 50 ਤੋਂ ਵੱਧ ਸੰਸਥਾਵਾਂ ਦੇ 1000 ਤੋਂ ਜਿਆਦਾ ਵਲੰਟੀਅਰਾਂ ਨੇ ਪਟਿਆਲਾ ਦੀਆਂ ਸੜਕਾਂ ਤੋਂ 12 ਟਨ ਤੋਂ ਵੱਧ ਕੂੜਾ ਚੁੱਕਿਆ

### ਤ੍ਰਿਪੜੀ ਵਿਖੇ ਸੜਕ ਸਫ਼ਾਈ ਮੁਹਿੰਮ ਵਿੱਚ ਸਿਹਤ ਮੰਤਰੀ ਦੇ ਸ਼ਾਮਲ ਹੋਣ ਨਾਲ ਪੀ.ਪੀ.ਸੀ.ਬੀ. ਦੇ 'ਮਿਸ਼ਨ ਕਲੀਨ ਪਟਿਆਲਾ' ਨੂੰ ਮਿਲੀ ਵੱਡੀ ਮਜ਼ਬੂਤੀ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 4 ਸਤੰਬਰ : ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਵੱਲੋਂ ਚਲਾਈ ਮਿਸ਼ਨ ਕਲੀਨ ਪਟਿਆਲਾ ਮੁਹਿੰਮ ਦੇ ਪਿਛਲੇ 17 ਅਭਿਆਨਾਂ ਵਿੱਚ, 51 ਵੱਖ-ਵੱਖ ਸੰਸਥਾਵਾਂ ਦੀ ਸ਼ਮੂਲੀਅਤ ਤੇ ਹਜ਼ਾਰ ਤੋਂ ਵੱਧ ਵਲੰਟੀਅਰਾਂ ਨੇ ਸੜਕਾਂ ਤੋਂ 12 ਮੀਟ੍ਰਿਕ ਟਨ ਤੋਂ ਵੱਧ ਕੂੜਾ ਸਾਫ਼ ਕੀਤਾ ਹੈ। ਇਸ ਮੁਹਿੰਮ ਨੂੰ ਉਸ ਵੇਲੇ ਹੋਰ ਬਲ ਮਿਲਿਆ ਜਦੋਂ ਨਗਰ ਨਿਗਮ ਪਟਿਆਲਾ ਅਤੇ ਜ਼ਿਲ੍ਹਾ ਸਿੱਖਿਆ ਵਿੰਗ ਦੇ ਸਹਿਯੋਗ ਨਾਲ ਤ੍ਰਿਪੜੀ ਵਿਖੇ ਇੱਕ ਵਿਸ਼ੇਸ਼ ਸੜਕ ਸਫ਼ਾਈ ਮੁਹਿੰਮ ਚਲਾਈ ਗਈ। ਜਿਸ ਦੌਰਾਨ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਖੁਦ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ ਤੇ ਆਮ ਨਾਗਰਿਕਾਂ ਨੂੰ ਸਫ਼ਾਈ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਦਾ ਹਿੱਸਾ ਬਣਾਉਣ ਲਈ ਪ੍ਰੇਰਿਤ ਕੀਤਾ।

ਬੋਰਡ ਅਤੇ ਨਗਰ ਨਿਗਮ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਸਿਹਤ ਮੰਤਰੀ ਨੇ ਪਟਿਆਲਾ ਦੀ ਸਫ਼ਾਈ ਵਿਵਸਥਾ ਨੂੰ ਬਿਹਤਰ ਬਣਾਉਣ ਲਈ ਸਮਾਜ ਨੂੰ ਨਾਲ ਜੋੜਨ ਦੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਨਿਗਮ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰੇਹੜੀ-ਫੜ੍ਹੀ ਵਾਲਿਆਂ ਸਮੇਤ ਕੂੜਾ ਫੈਲਾਉਣ ਵਾਲੇ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਕੱਟੇ ਜਾਣ।

ਡਾ ਬਲਬੀਰ ਸਿੰਘ ਨੇ ਵਿਦਿਆਰਥੀਆਂ ਵੱਲੋਂ ਸਫ਼ਾਈ ਮੁਹਿੰਮ ਵਿੱਚ ਵਲੰਟੀਅਰ ਵਜੋਂ ਨਿਭਾਈ ਭੂਮਿਕਾ ਦੀ ਵੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਸਕੂਲ ਦੇ ਨਾਲ-ਨਾਲ ਘਰਾਂ ਅਤੇ ਆਲੇ-ਦੁਆਲੇ ਨੂੰ ਵੀ ਸਾਫ਼-ਸੁਥਰਾ ਰੱਖਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੀ ਵਰਤੋਂ ਘਟਾਉਣ ਦੀ ਅਪੀਲ ਕੀਤੀ ਅਤੇ ਨਵੀਂ ਪੀੜ੍ਹੀ ਵਿੱਚ ਜ਼ਿੰਮੇਵਾਰ ਖਪਤ ਅਤੇ ਵਾਤਾਵਰਣ ਪੱਖੀ ਆਦਤਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

ਪੀ.ਪੀ.ਸੀ.ਬੀ. ਵੱਲੋਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਗਰ ਨਿਗਮ ਪਟਿਆਲਾ ਦੇ ਸਹਿਯੋਗ ਨਾਲ ਸ਼ੁਰੂ ਕੀਤਾ ਗਿਆ 'ਮਿਸ਼ਨ ਕਲੀਨ ਪਟਿਆਲਾ' ਸਫ਼ਾਈ ਨੂੰ ਇੱਕ ਅਸਥਾਈ ਗਤੀਵਿਧੀ ਦੀ ਬਜਾਏ ਇੱਕ ਨਿਰੰਤਰ ਸਮਾਜਿਕ ਆਦਤ ਵਿੱਚ ਬਦਲਣਾ ਚਾਹੁੰਦਾ ਹੈ। ਇਹ ਮੁਹਿੰਮ ਸਰਕਾਰੀ ਵਿਭਾਗਾਂ, ਸਿੱਖਿਆ ਸੰਸਥਾਵਾਂ, ਸਮਾਜਿਕ ਸੰਗਠਨਾਂ ਅਤੇ ਨਾਗਰਿਕਾਂ ਨੂੰ ਜਨਤਕ ਸਥਾਨਾਂ ਦੀ ਸਾਂਝੀ ਜ਼ਿੰਮੇਵਾਰੀ ਚੁੱਕਣ ਲਈ ਇੱਕ ਮੰਚ 'ਤੇ ਲਿਆਉਂਦੀ ਹੈ।

ਇਹ ਮੁਹਿੰਮ ਪੀ.ਪੀ.ਸੀ.ਬੀ. ਦੀ ਚੇਅਰਪਰਸਨ ਰੀਨਾ ਗੁਪਤਾ ਦੇ ਵਾਤਾਵਰਣ ਸੁਰੱਖਿਆ ਨੂੰ ਇੱਕ ਜਨ ਅੰਦੋਲਨ ਬਣਾਉਣ ਦੇ ਵਿਜ਼ਨ ਨੂੰ ਦਰਸਾਉਂਦੀ ਹੈ, ਜਿੱਥੇ ਸੰਸਥਾਵਾਂ ਅਤੇ ਨਾਗਰਿਕ ਕੇਵਲ ਸਾਫ਼-ਸੁਥਰੇ ਆਲੇ-ਦੁਆਲੇ ਦੀ ਉਮੀਦ ਹੀ ਨਹੀਂ ਰੱਖਦੇ ਸਗੋਂ ਇਸ ਨੂੰ ਬਣਾਉਣ ਅਤੇ ਬਰਕਰਾਰ ਰੱਖਣ ਵਿੱਚ ਸਰਗਰਮ ਯੋਗਦਾਨ ਵੀ ਪਾਉਂਦੇ ਹਨ। ਨਿਯਮਤ ਸੜਕ ਸਫ਼ਾਈ ਮੁਹਿੰਮਾਂ ਅਤੇ ਜਨਤਕ ਭਾਗੀਦਾਰੀ ਰਾਹੀਂ, ਇਸ ਪਹਿਲਕਦਮੀ ਦਾ ਉਦੇਸ਼ ਇੱਕ ਸਥਾਈ ਵਿਵਹਾਰਕ ਬਦਲਾਅ ਲਿਆਉਣਾ ਹੈ, ਖਾਸ ਕਰਕੇ ਯੁਵਾ ਪੀੜ੍ਹੀ ਵਿੱਚ ਜੋ ਸਫ਼ਾਈ ਅਤੇ ਵਾਤਾਵਰਣ ਸੰਭਾਲ ਦਾ ਸੁਨੇਹਾ ਆਪਣੇ ਪਰਿਵਾਰਾਂ ਅਤੇ ਸਮਾਜ ਤੱਕ ਪਹੁੰਚਾ ਸਕਦੇ ਹਨ।

ਚੇਅਰਪਰਸਨ, ਰੀਨਾ ਗੁਪਤਾ ਨੇ ਕਿਹਾ ਕਿ "ਮਿਸ਼ਨ ਕਲੀਨ ਪਟਿਆਲਾ ਸਾਡੇ ਜਨਤਕ ਸਥਾਨਾਂ 'ਤੇ ਆਪਣੀ ਮਲਕੀਅਤ ਅਤੇ ਅਪਣੱਤ ਦੀ ਭਾਵਨਾ ਪੈਦਾ ਕਰਨ ਬਾਰੇ ਹੈ। ਜਦੋਂ ਇੱਕ ਵਿਦਿਆਰਥੀ ਜਨਤਕ ਸੜਕ ਤੋਂ ਕੂੜੇ ਦਾ ਟੁਕੜਾ ਚੁੱਕਦਾ ਹੈ, ਤਾਂ ਇਹ ਕੇਵਲ ਇੱਕ ਸਫ਼ਾਈ ਗਤੀਵਿਧੀ ਨਹੀਂ, ਸਗੋਂ ਨਾਗਰਿਕਤਾ ਅਤੇ ਵਾਤਾਵਰਣ ਪ੍ਰਤੀ ਜ਼ਿੰਮੇਵਾਰੀ ਦਾ ਇੱਕ ਸ਼ਕਤੀਸ਼ਾਲੀ ਪਾਠ ਹੈ। ਸਾਡਾ ਵਿਜ਼ਨ ਹਰ ਪੀੜ੍ਹੀ ਵਿੱਚ ਸਫ਼ਾਈ ਨੂੰ ਇੱਕ ਸਾਂਝੀ ਆਦਤ ਬਣਾਉਣਾ ਹੈ, ਜਿੱਥੇ ਹਰੇਕ ਸੰਸਥਾ, ਹਰ ਭਾਈਚਾਰਾ ਅਤੇ ਹਰ ਨਾਗਰਿਕ ਪਟਿਆਲਾ ਨੂੰ ਸੁੰਦਰ ਅਤੇ ਸਾਫ਼-ਸੁਥਰਾ ਬਣਾਉਣ ਵਿੱਚ ਆਪੋ-ਆਪਣਾ ਯੋਗਦਾਨ ਪਾਵੇ।"

ਬੋਰਡ ਨੇ ਇਸ ਮੁਹਿੰਮ ਵਿੱਚ ਸ਼ਾਮਲ ਹੋਣ ਲਈ ਸਿਹਤ ਮੰਤਰੀ, ਵਿਦਿਆਰਥੀਆਂ, ਅਧਿਆਪਕਾਂ, ਨਿਗਮ ਕਰਮਚਾਰੀਆਂ, ਅਧਿਕਾਰੀਆਂ ਅਤੇ ਸਮੂਹ ਭਾਗੀਦਾਰਾਂ ਦਾ ਧੰਨਵਾਦ ਪ੍ਰਗਟਾਇਆ ਹੈ। ਉਨ੍ਹਾਂ ਨੇ ਕਿਹਾ ਕਿ ਪੀ.ਪੀ.ਸੀ.ਬੀ. ਸਫ਼ਾਈ ਅਤੇ ਵਾਤਾਵਰਣ ਸੰਭਾਲ ਵਿੱਚ ਜਨਤਕ ਭਾਗੀਦਾਰੀ ਨੂੰ ਹੋਰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਪੂਰੇ ਪਟਿਆਲਾ ਵਿੱਚ ਅਜਿਹੀਆਂ ਕਮਿਊਨਿਟੀ-ਲੇਡ ਪਹਿਲਕਦਮੀਆਂ ਨੂੰ ਲਗਾਤਾਰ ਜਾਰੀ ਰੱਖੇਗਾ।

# ਲਾਹੇਵੰਦ ਪੰਛੀਆਂ ਦੀ ਸੰਭਾਲ ਲਈ ਕੁਦਰਤੀ ਖੋੜਾਂ ਦੀ ਘਾਟ ਪੂਰੀ ਕਰਨ ਵਾਸਤੇ ਨਕਲੀ ਆਲ੍ਹਣੇ ਇੱਕ ਵਧੀਆ ਬਦਲ: PAU ਦੇ ਜੀਵ-ਵਿਗਿਆਨ ਮਾਹਿਰ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ 4 ਸਤੰਬਰ : ਕੀੜੇ-ਮਕੌੜੇ ਅਤੇ ਮਾਸ ਖਾਣ ਵਾਲੇ ਪੰਛੀ ਖੇਤੀਬਾੜੀ ਵਾਤਾਵਰਣ ਪ੍ਰਣਾਲੀ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ; ਇਹ ਕੀੜੇ-ਮਕੌੜਿਆਂ, ਚੂਹਿਆਂ ਅਤੇ ਫਸਲਾਂ ਨੂੰ ਨੁਕਸਾਨ ਪਹੁੰਚਾਉਣ ਵਾਲੇ ਹੋਰ ਜੀਵਾਂ ਦਾ ਸ਼ਿਕਾਰ ਕਰਕੇ ਕੁਦਰਤੀ ਜੈਵਿਕ ਨਿਯੰਤਰਣ ਵਜੋਂ ਕੰਮ ਕਰਦੇ ਹਨ। ਜੀਵ-ਵਿਗਿਆਨ ਵਿਭਾਗ ਦੀ ਮੁਖੀ ਡਾ. ਤੇਜਦੀਪ ਕੌਰ ਕਲੇਰ ਨੇ ਦੱਸਿਆ ਕਿ ਪੁਰਾਣੇ ਰੁੱਖਾਂ ਅਤੇ ਰੁੱਖਾਂ ਵਿੱਚ ਬਣੀਆਂ ਕੁਦਰਤੀ ਖੋੜਾਂ (ਜਿੱਥੇ ਪੰਛੀ ਆਲ੍ਹਣੇ ਬਣਾਉਂਦੇ ਹਨ) ਦੀ ਗਿਣਤੀ ਘਟਣ ਕਾਰਨ ਅਜਿਹੇ ਲਾਹੇਵੰਦ ਪੰਛੀਆਂ ਲਈ ਆਲ੍ਹਣੇ ਬਣਾਉਣ ਦੀਆਂ ਢੁਕਵੀਆਂ ਥਾਵਾਂ ਘਟ ਗਈਆਂ ਹਨ। ਮੁੱਖ ਪੰਛੀ-ਵਿਗਿਆਨੀ (Principal Ornithologist) ਡਾ. ਕਲੇਰ ਨੇ ਕਿਹਾ ਕਿ ਇਸ ਘਾਟ ਨੂੰ ਪੂਰਾ ਕਰਨ ਲਈ, ਨਕਲੀ ਆਲ੍ਹਣੇ ਰਹਿਣ-ਸਹਿਣ ਅਤੇ ਆਲ੍ਹਣੇ ਬਣਾਉਣ ਲਈ ਬਦਲਵੇਂ ਟਿਕਾਣੇ ਪ੍ਰਦਾਨ ਕਰਦੇ ਹਨ, ਖਾਸ ਕਰਕੇ ਉਨ੍ਹਾਂ ਪ੍ਰਜਾਤੀਆਂ ਲਈ ਜੋ ਦੂਜੇ ਜੀਵਾਂ ਦੁਆਰਾ ਬਣਾਈਆਂ ਖੋੜਾਂ ਦੀ ਵਰਤੋਂ ਕਰਦੀਆਂ ਹਨ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਕਿਸਮਾਂ ਦੇ ਨਕਲੀ ਆਲ੍ਹਣਿਆਂ ਦਾ ਮੁਲਾਂਕਣ ਅਤੇ ਮਿਆਰੀਕਰਨ ਕੀਤਾ ਗਿਆ ਹੈ; ਇਨ੍ਹਾਂ ਵਿੱਚ ਆਮ ਮੈਨਾ (Common Myna), ਚਿਤਕਬਰਾ ਉੱਲੂ (Spotted Owlet), ਕਾਲਰ ਵਾਲਾ ਸਕੋਪਸ ਉੱਲੂ (Collared Scops Owl), ਓਰੀਐਂਟਲ ਮੈਗਪਾਈ-ਰੌਬਿਨ (Oriental Magpie-Robin), ਘਰੇਲੂ ਚਿੜੀ (House Sparrow) ਅਤੇ ਇੰਡੀਅਨ ਰੋਲਰ (Indian Roller) ਵਰਗੇ ਪੰਛੀਆਂ ਦੁਆਰਾ ਸਫਲਤਾਪੂਰਵਕ ਕਬਜ਼ਾ ਕਰਨ ਅਤੇ ਪ੍ਰਜਨਨ ਕਰਨ ਦੇ ਅੰਕੜੇ ਦਰਜ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨਕਲੀ ਆਲ੍ਹਣਿਆਂ ਵਿੱਚ ਸਫਲ ਪ੍ਰਜਨਨ ਨਾਲ ਪੰਛੀਆਂ ਦੇ ਵੰਸ਼-ਵਾਧੇ ਵਿੱਚ ਸੁਧਾਰ ਹੋ ਸਕਦਾ ਹੈ ਅਤੇ ਲਾਹੇਵੰਦ ਪੰਛੀਆਂ ਦੀ ਗਿਣਤੀ ਵਧ ਸਕਦੀ ਹੈ, ਜਿਸ ਨਾਲ ਪੰਜਾਬ ਦੇ ਖੇਤੀਬਾੜੀ ਖੇਤਰਾਂ ਵਿੱਚ ਕੀੜਿਆਂ ਦੇ ਕੁਦਰਤੀ ਪ੍ਰਬੰਧਨ ਦੀ ਪ੍ਰਕਿਰਿਆ ਮਜ਼ਬੂਤ ਹੋਵੇਗੀ।



ਇਸ ਤੋਂ ਇਲਾਵਾ, ਜੀਵ ਵਿਗਿਆਨ ਮਾਹਿਰ ਡਾ. ਮਨੋਜ ਕੁਮਾਰ ਨੇ ਕਿਹਾ, "ਪੀਏਯੂ ਵਿੱਚ, ਕੈਵਿਟੀ-ਆਲ੍ਹਣੇ ਅਤੇ ਹੋਰ ਲਾਭਦਾਇਕ ਪੰਛੀਆਂ ਲਈ ਵਿਕਸਤ ਕੀਤੇ ਗਏ ਨਕਲੀ ਆਲ੍ਹਣੇ ਕਿਸਾਨ ਮੇਲਿਆਂ, ਪ੍ਰਦਰਸ਼ਨੀਆਂ, ਖੇਤੀਬਾੜੀ ਅਧਿਕਾਰੀਆਂ ਲਈ ਰਾਜ-ਪੱਧਰੀ ਵਰਕਸ਼ਾਪਾਂ, ਰੇਡੀਓ ਅਤੇ ਟੈਲੀਵਿਜ਼ਨ ਭਾਸ਼ਣਾਂ ਅਤੇ ਕਿਸਾਨ ਜਾਗਰੂਕਤਾ ਕੈਂਪਾਂ ਰਾਹੀਂ ਪਿਛਲੇ ਦਹਾਕੇ ਤੋਂ ਉਤਸ਼ਾਹਿਤ ਕੀਤੇ ਗਏ ਹਨ। ਇਹਨਾਂ ਆਊਟਰੀਚ ਗਤੀਵਿਧੀਆਂ ਨੇ ਕੈਵਿਟੀ-ਆਲ੍ਹਣੇ ਬਣਾਉਣ ਵਾਲੇ ਪੰਛੀਆਂ ਦੇ ਵਾਤਾਵਰਣਕ ਮਹੱਤਵ ਬਾਰੇ ਜਾਗਰੂਕਤਾ ਪੈਦਾ ਕਰਨ ਵਿੱਚ ਮਦਦ ਕੀਤੀ ਹੈ ਅਤੇ ਖੇਤਾਂ, ਘਰਾਂ ਅਤੇ ਪੇਂਡੂ ਲੈਂਡਸਕੇਪਾਂ ਵਿੱਚ ਨਕਲੀ ਆਲ੍ਹਣਿਆਂ ਦੀ ਵਿਹਾਰਕ ਵਰਤੋਂ ਦਾ ਪ੍ਰਦਰਸ਼ਨ ਕੀਤਾ ਹੈ ਜਿੱਥੇ ਕੁਦਰਤੀ ਆਲ੍ਹਣੇ ਬਣਾਉਣ ਵਾਲੀਆਂ ਥਾਵਾਂ ਘੱਟ ਰਹੀਆਂ ਹਨ। ਕਿਸਾਨਾਂ, ਖੇਤੀਬਾੜੀ ਅਧਿਕਾਰੀਆਂ ਅਤੇ ਨਾਗਰਿਕਾਂ ਦਾ ਹੁੰਗਾਰਾ ਬਹੁਤ ਉਤਸ਼ਾਹਜਨਕ ਰਿਹਾ ਹੈ, ਪੰਛੀਆਂ ਦੀ ਸੰਭਾਲ ਅਤੇ ਕੁਦਰਤ-ਅਧਾਰਤ ਕੀਟ ਪ੍ਰਬੰਧਨ ਨੂੰ ਸਮਰਥਨ ਦੇਣ ਲਈ ਨਕਲੀ ਆਲ੍ਹਣੇ ਲਗਾਉਣ ਵਿੱਚ ਵਧ ਰਹੀ ਦਿਲਚਸਪੀ ਦੇ ਨਾਲ।" ਇਸ ਲਈ, ਚੰਗੀ ਤਰ੍ਹਾਂ ਡਿਜ਼ਾਈਨ ਕੀਤੇ ਨਕਲੀ ਆਲ੍ਹਣਿਆਂ ਨਾਲ ਦੁਰਲੱਭ ਕੁਦਰਤੀ ਰੁੱਖਾਂ ਦੀਆਂ ਗੁਫਾਵਾਂ ਨੂੰ ਪੂਰਕ ਕਰਨਾ ਸੈਕੰਡਰੀ ਕੈਵਿਟੀ ਨੇਸਟਰਾਂ ਲਈ ਪ੍ਰਜਨਨ ਦੇ ਮੌਕੇ ਪ੍ਰਦਾਨ ਕਰਨ ਅਤੇ ਖੇਤੀਬਾੜੀ ਵਾਤਾਵਰਣ ਪ੍ਰਣਾਲੀਆਂ ਵਿੱਚ ਉਨ੍ਹਾਂ ਦੀ ਵਾਤਾਵਰਣਕ ਭੂਮਿਕਾ ਨੂੰ ਕਾਇਮ ਰੱਖਣ ਵਿੱਚ ਮਦਦ ਕਰਨ ਲਈ ਇੱਕ ਸਧਾਰਨ, ਵਿਹਾਰਕ ਅਤੇ ਭਾਈਚਾਰਕ-ਸਮਰਥਿਤ ਸੰਭਾਲ ਰਣਨੀਤੀ ਵਜੋਂ ਕੰਮ ਕਰ ਸਕਦਾ ਹੈ, ਉਸਨੇ ਅੱਗੇ ਕਿਹਾ।

# ਅਧਿਆਪਕ, ਮੁਲਾਜ਼ਮ ਅਤੇ ਪੈਨਸ਼ਨਰ ਇਕੱਠੇ ਹੋ ਕੇ ਸਪੀਕਰ ਪੰਜਾਬ ਵਿਧਾਨ ਸਭਾ ਦੇ ਪਿੰਡ ਸੰਧਵਾਂ ਵਿਖੇ ਰਿਹਾਇਸ਼ ਦਾ ਘਿਰਾਓ ਕਰਨਗੇ 12 ਸਤੰਬਰ ਨੂੰ

## 8 ਸਤੰਬਰ ਨੂੰ ਮਨਿਸਟੀਰੀਅਲ ਮੁਲਾਜ਼ਮਾਂ ਦੀ ਕਲਮ ਛੋੜ ਹੜਤਾਲ ਦੀ ਹਮਾਇਤ ਵਿੱਚ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਸਾਹਮਣੇ ਕੀਤੀ ਜਾਵੇਗੀ ਰੋਸ ਰੈਲੀ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਫਰੀਦਕੋਟ, 4 ਸਤੰਬਰ : ਭਗਵੰਤ ਮਾਨ ਸਰਕਾਰ ਵੱਲੋਂ ਮੁਲਾਜ਼ਮ ਵਰਗ ਨੂੰ ਬਦਨਾਮ ਕਰਨ ਲਈ ਕੀਤੀਆਂ ਜਾ ਰਹੀਆਂ ਕੋਝੀਆਂ ਹਰਕਤਾਂ ਦਾ ਢੁੱਕਵਾਂ ਜਵਾਬ ਦੇਣ ਲਈ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਲੰਬੇ ਸਮੇਂ ਤੋਂ ਲਟਕ ਰਹੀਆਂ ਹੱਕੀ ਅਤੇ ਜਾਇਜ਼ ਮੰਗਾਂ ਦੀ ਪ੍ਰਾਪਤੀ ਲਈ ਸਾਂਝੀ ਤਾਲਮੇਲ ਕਮੇਟੀ ਵੱਲੋਂ ਉਲੀਕੇ ਗਏ ਐਕਸ਼ਨ ਪ੍ਰੋਗਰਾਮਾਂ ਨੂੰ ਲਾਗੂ ਕਰਦੇ ਹੋਏ ਫਰੀਦਕੋਟ, ਫਾਜ਼ਿਲਕਾ, ਫਿਰੋਜ਼ਪੁਰ, ਮੋਗਾ

ਅਤੇ ਸ੍ਰੀ ਮੁਕਤਸਰ ਸਾਹਿਬ ਦੇ ਅਧਿਆਪਕਾਂ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ 12 ਸਤੰਬਰ ਦਿਨ ਸ਼ਨੀਵਾਰ ਨੂੰ ਸਵੇਰੇ ਠੀਕ 10:00 ਵਜੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਪਿੰਡ ਸੰਧਵਾਂ ਵਿਖੇ ਰਿਹਾਇਸ਼ ਸਾਹਮਣੇ ਰੋਸ ਰੈਲੀ ਕਰਨ ਤੋਂ ਬਾਅਦ ਕੋਠੀ ਦਾ ਘਿਰਾਓ ਕਰਨ ਦਾ ਐਕਸ਼ਨ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਐਕਸ਼ਨ ਦੀ ਤਿਆਰੀ ਲਈ ਅੱਜ ਸਥਾਨਕ ਪੈਨਸ਼ਨਰ ਭਵਨ ਵਿਖੇ ਸਾਂਝੀ ਤਾਲਮੇਲ ਕਮੇਟੀ, ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ, ਸਾਂਝਾ ਮੁਲਾਜ਼ਮ ਮੰਚ ਜ਼ਿਲ੍ਹਾ ਫਰੀਦਕੋਟ ਦੇ ਆਗੂਆਂ ਦੀ ਇੱਕ ਮੀਟਿੰਗ ਅਧਿਆਪਕ ਆਗੂ ਸੁਖਵਿੰਦਰ ਸਿੰਘ ਸੁੱਖੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਵੱਖ ਵੱਖ ਜਥੇਬੰਦੀਆਂ ਦੇ ਆਗੂ ਪ੍ਰੇਮ ਚਾਵਲਾ, ਜਤਿੰਦਰ ਕੁਮਾਰ,

ਵਿਕਰਮਜੀਤ ਸਿੰਘ ਢਿੱਲੋਂ, ਰਵਿੰਦਰ ਪਾਲ ਸਿੰਘ ਘਾਲੀ , ਨਰਿੰਦਰਜੀਤ ਸਿੰਘ, ਸੁਖਵਿੰਦਰ ਸਿੰਘ ਸੁੱਖੀ, ਲਖਵਿੰਦਰ ਕੌਰ, ਇੰਦਰਜੀਤ ਸਿੰਘ ਖੀਵਾ, ਚਿਤਰੰਜਨ ਗਾਭਾ, ਬਲਵਿੰਦਰ ਰਾਮ ਸ਼ਰਮਾ, ਕੁਲਵੰਤ ਸਿੰਘ ਚਾਨੀ, ਪ੍ਰਿੰਸੀਪਲ ਕ੍ਰਿਸ਼ਨ ਲਾਲ, ਜਗਸੀਰ ਸਿੰਘ ਖਾਰਾ, ਇੰਦਰਜੀਤ ਸਿੰਘ ਗਿੱਲ, ਸਿਮਰਜੀਤ ਸਿੰਘ ਬਰਾੜ, ਨਰਿੰਦਰ ਕੁਮਾਰ, ਵੀਰਇੰਦਰਜੀਤ ਸਿੰਘ ਪੁਰੀ ਅਤੇ ਬਖਸ਼ਿੰਦਰ ਜੀਤ ਸਿੰਘ ਨੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਡਾਕਟਰ ਬਲਜੀਤ ਕੌਰ ਵੱਲੋਂ ਅੱਜ ਪ੍ਰੈਸ ਕਾਨਫਰੰਸ ਕਰਕੇ ਮੁਲਾਜ਼ਮ ਵਿਰੋਧੀ ਝੂਠੇ ਅੰਕੜੇ ਪੇਸ਼ ਕਰਨ, ਆਮ ਲੋਕਾਂ ਨੂੰ ਗੁੰਮਰਾਹ ਕਰਨ ਅਤੇ ਸਮੂਹ ਮੁਲਾਜ਼ਮਾਂ ਨੂੰ ਬਦਨਾਮ ਕਰਨ ਲਈ ਕੀਤੀ ਗਈ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ। ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ ਪੰਜਾਬ ਸਕੱਤਰੇਤ, ਡਾਇਰੈਕਟੋਰੇਟ, ਜ਼ਿਲ੍ਹਿਆਂ, ਤਹਿਸੀਲਾਂ, ਬਲਾਕਾਂ ਦੇ ਵੱਖ ਵੱਖ ਵਿਭਾਗਾਂ ਦੇ ਦਫ਼ਤਰੀ ਮੁਲਾਜ਼ਮਾਂ ਵੱਲੋਂ 8 ਸਤੰਬਰ ਨੂੰ ਸਮੂਹਿਕ ਛੁੱਟੀ ਲੈ ਕੇ ਕੀਤੀ ਜਾ ਰਹੀ ਕਲਮ ਛੋੜ ਹੜਤਾਲ ਦੀ ਹਮਾਇਤ ਵਿੱਚ 8 ਸਤੰਬਰ ਨੂੰ ਡਿਪਟੀ ਕਮਿਸ਼ਨਰ ਫਰੀਦਕੋਟ ਦੇ ਦਫਤਰ ਸਾਹਮਣੇ ਸਵੇਰੇ 11:00 ਵਜੇ ਰੋਸ ਰੈਲੀ ਕੀਤੀ ਜਾਵੇਗੀ। ਇਸ ਤੋਂ ਬਾਅਦ ਫਰੀਦਕੋਟ,ਫਿਰੋਜ਼ਪੁਰ, ਫਾਜਲਿਕਾ, ਮੋਗਾ ਅਤੇ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਿਆਂ ਦੇ ਅਧਿਆਪਕ, ਮੁਲਾਜ਼ਮ ਅਤੇ ਪੈਨਸ਼ਨਰ 12 ਸਤੰਬਰ ਦਿਨ ਸ਼ਨੀਵਾਰ ਨੂੰ ਸਵੇਰੇ ਠੀਕ 10:00 ਵਜੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਪਿੰਡ ਸੰਧਵਾਂ ਵਿਖੇ ਰਿਹਾਇਸ਼ ਸਾਹਮਣੇ ਵਿਸ਼ਾਲ ਰੋਸ ਰੈਲੀ ਕਰਕੇ ਕੋਠੀ ਦਾ ਘਿਰਾਓ ਕਰਨਗੇ। ਮੀਟਿੰਗ ਦੌਰਾਨ ਇਹਨਾਂ ਐਕਸ਼ਨਾਂ ਨੂੰ ਸਫਲ ਬਣਾਉਣ ਲਈ ਵੱਖ ਵੱਖ ਜਥੇਬੰਦੀਆਂ ਨੂੰ ਕੋਟੇ ਲਗਾਏ ਗਏ ਅਤੇ ਸਾਰੇ ਪ੍ਰਬੰਧ ਮੁਕੰਮਲ ਕਰਦੇ ਹੋਏ ਵੱਖ ਵੱਖ ਆਗੂਆਂ ਦੀਆਂ ਡਿਊਟੀਆਂ ਵੀ ਲਗਾਈਆਂ ਗਈਆਂ। ਆਗੂਆਂ ਨੇ ਇਹ ਵੀ ਕਿਹਾ ਕਿ ਪੰਜਾਬ ਸਰਕਾਰ ਨੂੰ ਜਨਤਕ ਤੌਰ 'ਤੇ ਇਹ ਸਪਸ਼ਟ ਕਰਨਾ ਚਾਹੀਦਾ ਹੈ ਕਿ ਦੇਸ਼ ਅਤੇ ਭਾਰਤ ਦੇ ਬਹੁਤ ਸਾਰੇ ਰਾਜ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 60 ਫੀਸਦੀ ਡੀ.ਏ ਦੇ ਰਹੇ ਹਨ ਤੇ ਪੰਜਾਬ ਸਰਕਾਰ ਵੱਲੋਂ ਸਿਰਫ 42 ਫੀਸਦੀ ਡੀ ਏ ਦਿੱਤਾ ਜਾ ਰਿਹਾ ਹੈ। ਜਦਕਿ ਪੰਜਾਬ ਦੀ ਸਾਰੀ ਉੱਚ ਅਫ਼ਸਰਸ਼ਾਹੀ ਨੂੰ 60, ਫੀਸਦੀ ਡੀ.ਏ ਦੇ ਕੇ ਆਮ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਸਿਰਫ 42 ਫੀਸਦੀ ਡੀ.ਏ ਦਿੱਤਾ ਜਾ ਰਿਹਾ ਹੈ, ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਾਲ 2022 ਦੌਰਾਨ ਲਗਭਗ 4 ਸਾਲ ਪਹਿਲਾਂ ਮੰਤਰੀ ਮੰਡਲ ਦੀ ਮੀਟਿੰਗ ਨੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਫੈਸਲਾ ਕਰਕੇ ਵੀ ਪੁਰਾਣੀ ਪੈਨਸ਼ਨ ਸਕੀਮ ਅਜੇ ਤੱਕ ਬਹਾਲ ਨਹੀਂ ਕੀਤੀ, ਆਮ ਆਦਮੀ ਪਾਰਟੀ ਦੇ ਚੋਣ ਮਨੋਰਥ ਪੱਤਰ ਵਿੱਚ ਆਸ਼ਾ ਵਰਕਰਾਂ, ਮਿਡ ਡੇ ਮੀਲ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ ਦੀਆਂ ਉਜਰਤਾਂ ਵਿੱਚ ਕੀਤਾ ਜਾਣ ਵਾਲਾ ਦੁੱਗਣਾ ਵਾਧਾ ਵੀ ਅਜੇ ਤੱਕ ਲਾਗੂ ਨਹੀਂ ਕੀਤਾ ਗਿਆ। ਇਸ ਤੋਂ ਇਲਾਵਾ ਪਿਕਟਸ ਅਧੀਨ ਸਰਕਾਰੀ ਸਕੂਲਾਂ ਵਿੱਚ ਕੰਮ ਕਰਦੇ ਕੰਪਿਊਟਰ ਅਧਿਆਪਕਾਂ ਨੂੰ ਆਪਣੇ ਚੋਣ ਮੈਨੀਫੈਸਟੋ ਅਨੁਸਾਰ ਅਜੇ ਤੱਕ ਸਿੱਖਿਆ ਵਿਭਾਗ ਵਿੱਚ ਮਰਜ ਨਹੀਂ ਕੀਤਾ ਗਿਆ ਆਦਿ ਸਾਰੀਆਂ ਗੱਲਾਂ ਲੋਕਾਂ ਦੀ ਕਚਿਹਰੀ ਵਿੱਚ ਪੇਸ਼ ਕਰਕੇ ਭਗਵੰਤ ਮਾਨ ਸਰਕਾਰ ਦਾ ਅਸਲੀ ਚਿਹਰਾ ਮੋਹਰਾ ਨੰਗਾ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅਮਰਜੀਤ ਸਿੰਘ ਵਾਲੀਆ, ਸੁਖਮੰਦਰ ਸਿੰਘ ਗਿੱਲ, ਗੁਰਦੀਪ ਸਿੰਘ ਰਾਮੇਆਣਾ, ਗੁਰਮੀਤ ਸਿੰਘ ਜੈਤੋ, ਜਗਸੀਰ ਸਿੰਘ ਖਾਰਾ, ਬਿਸ਼ਨ ਕੁਮਾਰ ਅਰੋੜਾ, ਇੰਜੀਨੀਅਰ ਜੀਤ ਸਿੰਘ, ਪ੍ਰਿੰਸੀਪਲ ਜੁਗਿੰਦਰ ਸਿੰਘ, ਅਜੀਤ ਸਿੰਘ ਖਾਲਸਾ, ਹਰਦੀਪ ਸਿੰਘ ਕਟਾਰੀਆ, ਪ੍ਰਤਾਪ ਸਿੰਘ ਅਤੇ ਬਲਵਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਪਰਮਜੀਤ ਸੋਹਲ ਦਾ ਕਾਰਪੋਰੇਟ ਘਰਾਣਿਆਂ ਦੇ ਲੁੱਟਤੰਤਰ ਖਿਲਾਫ਼ ਕਾਵਿ ਸੰਗ੍ਰਹਿ " ਪੂਰਬ ਦੇ ਬੱਦਲ" ਪ੍ਰੋ. ਗੁਰਭਜਨ ਸਿੰਘ ਗਿੱਲ ਵੱਲੋਂ ਲੋਕ - ਅਰਪਣ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 4 ਸਤੰਬਰ : ਨਾਮਵਰ ਪੰਜਾਬੀ ਕਵੀ ਡਾ. ਪਰਮਜੀਤ ਸੋਹਲ ਦਾ ਕਾਰਪੋਰੇਟ ਘਰਾਣਿਆਂ ਦੇ ਲੁੱਟਤੰਤਰ ਖਿਲਾਫ਼ ਕਾਵਿ ਸੰਗ੍ਰਹਿ " ਪੂਰਬ ਦੇ ਬੱਦਲ" ਲੋਰਕ ਅਰਪਣ ਕਰਦਿਆਂ ਪੰਜਾਬੀ ਲੋਕ ਵਿਰਾਸਤ ਅਕਾਡਮੀ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਹੈ ਕਿ ਮੇਰੀ ਯਾਦ ਮੁਤਾਬਕ "ਪੂਰਬ ਦੇ ਬੱਦਲ" ਬਹੁ ਕੌਮੀ ਕੰਪਨੀਆਂ ਅਤੇ ਕਾਰਪੋਰੇਟ ਘਰਾਣਿਆਂ ਤੇ ਧਿਆਨ ਕੇਂਦਰਿਤ ਕਰਦਾ ਇਹ ਪਹਿਲਾ ਕਾਵਿ ਸੰਗ੍ਰਹਿ ਹੈ। ਡਾ. ਪਰਮਜੀਤ ਸੋਹਲ ਨੇ ਆਪਣਾ ਕਾਵਿ ਸਫ਼ਰ 1994 ਵਿੱਚ ਕਾਵਿ ਸੰਗ੍ਰਹਿ "ਓਨਮ" ਤੋਂ ਸ਼ੁਰੂ ਕਰਕੱ ਕਾਇਆ, ਪੌਣਾਂ ਸਤਿਲੁਜ ਕੋਲ ਦੀਆਂ, ਨੀਸਾਣੁ, ਝੋਕਾਂ, ਕਾਗਦੁ, ਵਿਸਮਾਦੁ, ਕਾਲ ਨਾਚ ਤੋਂ ਬਾਦ ਇਹ ਸੱਜਰੀ ਕਿਤਾਬ ਵਿਸ਼ਵ ਨੂੰ ਕਲਾਵੇ ਵਿੱਚ ਘੁੱਟੀ ਬੈਠੇ ਕਾਰਪੋਰੇਟ ਨਿਜ਼ਾਮ ਤੇ ਜ਼ੋਰਦਾਰ ਹੱਲਾ ਬੋਲਦੀ ਹੈ।

ਉਨ੍ਹਾਂ ਕਿਹਾ ਕਿ ਪਰਮਜੀਤ ਸੋਹਲ ਦੀਆਂ ਸੱਜਰੀਆਂ ਦੋ ਕਿਤਾਬਾਂ ਵਿੱਚੋਂ ਕਾਲ ਨਾਚ ਜਿੱਥੇ ਵਿਸ਼ਵ ਅਮਨ ਦੀ ਸਲਾਮਤੀ ਲਈ ਜੰਗਬਾਜ਼ਾਂ ਦੇ ਖਿਲਾਫ ਸਿੰਘ ਨਾਦ ਹੈ ਉਥੇ ਪੂਰਬ ਦੇ ਬੱਦਲ ਵੀ ਸਾਨੂੰ ਸਮੂਹ ਪੰਜਾਬੀਆਂ ਨੂੰ ਜਗਾਉਣ ਵਾਲੀ ਰਚਨਾ ਹੈ।

ਵਿਸ਼ਵ ਪੰਜਾਬੀ ਕਾਂਗਰਸ ਦੀ ਭਾਰਤੀ ਇਕਾਈ ਦੇ ਸਕੱਤਰ ਜਨਰਲ ਤੇ ਪੰਜਾਬੀ ਕਵੀ ਸਹਿਜਪ੍ਰੀਤ ਸਿੰਘ ਮਾਂਗਟ ਨੇ ਕਿਹਾ ਕਿ ਪਰਮਜੀਤ ਸੋਹਲ ਦੀ ਸ਼ਾਇਰੀ ਜਿੱਥੇ ਪਰਮਾਰਥ ਨਾਲ ਜੋੜਦੀ ਸੀ ਉੱਥੇ ਇਹ ਕਿਤਾਬ ਪਦਾਰਥ ਤੇ ਕਾਬਜ਼ ਘਰਾਣਿਆਂ ਦੀਆਂ ਅਜਾਰੇਦਾਰ ਬਿਰਤੀਆਂ ਦੇ ਖਿਲਾਫ਼ ਬੁਲੰਦ ਜੈਕਾਰਾ ਹੈ।

ਡਾ. ਪਰਮਜੀਤ ਸੋਹਲ ਨੇ ਇਸ ਮੌਕੇ ਧੰਨਵਾਦ ਦੇ ਸ਼ਬਦ ਬੋਲਦਿਆਂ ਕਿਹਾ ਕਿ ਗੋਰਕੀ ਪ੍ਰਕਾਸ਼ਨ, ਪੰਜਾਬੀ ਭਵਨ ਲੁਧਿਆਣਾ ਵੱਲੋਂ ਪ੍ਰਕਾਸ਼ਿਤ ਇਹ ਕਾਵਿ ਪੁਸਤਕ ਮੇਰੀ ਚਿਰਾਂ ਪੁਰਾਣੀ ਲੋਚਾ ਦਾ ਪ੍ਰਤੀਫ਼ਲ ਹੈ। ਮੈਂ ਮਹਿਸੂਸ ਕਰਦਾ ਸੀ ਕਿ ਕਾਰਪੋਰੇਟ ਘਰਾਣਿਆਂ ਦੀ ਕੁੱਲ ਦੁਨੀਆਂ ਦੇ ਸੋਮਿਆਂ, ਕਾਰੋਬਾਰਾਂ ਤੇ ਹਰ ਖੇਤਰ ਵਿੱਚ ਕਬਜਾਕਾਰੀ ਕੋਸ਼ਿਸ਼ ਗ਼ਰੀਬ ਤੇ ਵਿਕਾਸਸ਼ੀਲ ਦੇਸ਼ਾਂ ਨੂੰ ਖਾ ਜਾਵੇਗੀ। ਇੱਲ ਲੁੱਟ ਤੰਤਰ ਦੇ ਵਿਰੋਧ ਵਿੱਚ ਸਿਧਾਂਤਕ ਕਿਤਾਬਾਂ ਕਾਂ ਬਹੁਤ ਸਨ ਪਰ ਸਿਰਜਣਾਤਮਕ ਹੁੰਗਾਰਾ ਗੈਰਹਾਜ਼ਰ ਸੀ। ਇਹ ਕਿਤਾਬ ਉਸੇ ਭਾਵਨਾ ਦੀ ਪੂਰਤੀ ਹੈ।

# ਬਾਦਲਕੇ 'ਨੰਬਰ ਵਨ' ਗ਼ੱਦਾਰ ਹਨ...

ਵਰਲਡ ਪੰਜਾਬੀ ਟਾਈਮਜ਼
ਰਣਜੀਤ ਸਿੰਘ ਦਮਦਮੀ ਟਕਸਾਲ

ਪੰਥਕ ਧਿਰਾਂ ਨੂੰ ਹਰਾਉਣ ਦਾ ਬਾਦਲ ਦਲ ਨੇ ਭਾਰਤ ਸਰਕਾਰ ਤੋਂ ਠੇਕਾ ਚੁੱਕਿਆ ਹੋਇਆ ਹੈ। ਇਹ ਬਾਦਲ ਪਰਿਵਾਰ ਜਦੋਂ ਦਾ ਚੋਣ ਸਿਸਟਮ ਵਿੱਚ ਸਰਗਰਮ ਹੋਇਆ ਹੈ ਓਦੋਂ ਤੋਂ ਹੀ ਪੰਥਕ ਸੋਚ ਦੇ ਧਾਰਨੀ ਗੁਰਸਿੱਖਾਂ ਨੂੰ ਖੂੰਜੇ ਲਾਉਣ ਦਾ ਕੰਮ ਕਰਦਾ ਆ ਰਿਹਾ ਹੈ। ਬਾਦਲ ਦਲ ਦੇ ਸਾਹਮਣੇ ਜਾਂ ਬਾਦਲ ਦਲ ਨੂੰ ਪਛਾੜ ਕੇ ਜਿਹੜੀ ਵੀ ਪੰਥਕ ਧਿਰ ਉਭਰਦੀ ਹੈ ਤਾਂ ਬਾਦਲਕੇ ਆਪਣੀ ਸਾਰੀ ਤਾਕਤ ਝੋਕ ਕੇ ਉਸਨੂੰ ਖ਼ਤਮ ਕਰਨ ਲਈ ਜ਼ੋਰ ਲਾ ਦਿੰਦੇ ਹਨ। ਬਾਦਲਕਿਆਂ ਦਾ ਪੰਥ ਅਤੇ ਪੰਜਾਬ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਉਹਨਾਂ ਨੂੰ ਤਾਂ ਸਿਰਫ਼ ਆਪਣੇ ਸਿਆਸੀ ਹਿੱਤ ਪਿਆਰੇ ਹਨ। ਬਾਦਲਾਂ ਲਈ ਤਾਂ ਪੰਥ ਅਤੇ ਪੰਜਾਬ ਭਾਵੇਂ ਢੱਠੇ ਖੂਹ ਵਿੱਚ ਜਾਵੇ। ਬਾਦਲਾਂ ਦੀਆਂ ਗ਼ੱਦਾਰੀਆਂ ਦੀ ਲਿਸਟ ਐਨੀ ਲੰਮੀ ਹੈ ਕਿ ਚਾਹੇ 1000 ਗ੍ਰੰਥ ਲਿਖ ਲਈਏ ਫਿਰ ਵੀ ਨਹੀਂ ਮੁੱਕਣੀਆਂ। ਹਰ ਦਿਨ ਪੰਥ ਅਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਖੋਭ ਕੇ ਬਾਦਲਕੇ ਆਪਣੀਆਂ ਗ਼ੱਦਾਰੀਆਂ ਵਿੱਚ ਵਾਧਾ ਕਰਦੇ ਹਨ। ਜੇਕਰ ਗ਼ੱਦਾਰੀਆਂ ਦੇ ਮੈਡਲ ਮਿਲਦੇ ਹੁੰਦੇ ਤਾਂ ਹੁਣ ਤੱਕ ਸੁਖਬੀਰ ਬਾਦਲ ਨੇ ਸਿਰ ਤੋਂ ਲੈ ਕੇ ਪੈਰਾਂ ਤੱਕ ਤਗਮਿਆਂ ਨਾਲ ਹੀ ਭਰ ਜਾਣਾ ਸੀ। ਭਾਵੇਂ ਕਿ ਸਿੱਖ ਕੌਮ ਵਿੱਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਬੜੇ ਹੀ ਗ਼ੱਦਾਰ ਹੋਏ ਹਨ ਪਰ ਬਾਦਲਕਿਆਂ ਦੇ ਅੱਗੇ ਸਾਰੇ ਬੌਣੇ ਹਨ। ਬਾਦਲਕੇ 'ਨੰਬਰ ਵਨ' ਗ਼ੱਦਾਰ ਹਨ।

ਚੰਡੀਗੜ੍ਹ ਦੀ ਪੰਜਾਬ ਯੂਨੀਵਰਸਿਟੀ ਚੋਣਾਂ ਵਿੱਚ ਭਾਜਪਾ ਦੀ ਏ.ਬੀ.ਵੀ.ਪੀ. ਨੂੰ ਸਮਰਥਨ ਦੇ ਕੇ ਬਾਦਲਾਂ ਨੇ ਆਪਣੇ ਸਿਰ ਵਿੱਚ ਮੁੜ ਸਵਾਹ ਪਾ ਲਈ ਹੈ। ਪੰਥ ਅਤੇ ਪੰਜਾਬ ਨੂੰ ਸਮਰਪਿਤ ਜਥੇਬੰਦੀ 'ਸੱਥ' ਖ਼ਿਲਾਫ਼ ਭੁਗਤ ਕੇ ਬਾਦਲਾਂ ਦੀ ਜਥੇਬੰਦੀ ਐੱਸ.ਓ.ਆਈ. ਨੇ ਇੱਕ ਹੋਰ ਨਵੀਂ ਗ਼ੱਦਾਰੀ ਕੀਤੀ ਹੈ। ਕਿਸੇ ਸਮੇਂ ਪੰਜਾਬ ਲਈ ਰਾਜਧਾਨੀ ਚੰਡੀਗੜ੍ਹ ਮੰਗਣ ਵਾਲਾ ਅਕਾਲੀ ਦਲ ਬਾਦਲ ਅੱਜ ਆਪ ਹੀ ਪੰਜਾਬ ਦੀ ਯੂਨੀਵਰਸਿਟੀ ਭਾਜਪਾਈਆਂ, ਸੰਘੀਆਂ ਤੇ ਕੱਟੜ ਹਿੰਦੂਵਾਦੀਆਂ ਨੂੰ ਵੇਚ ਆਇਆ। 'ਸੱਥ' ਨਾਲ ਮਿਲ ਕੇ ਪੰਥ ਅਤੇ ਪੰਜਾਬ ਦੇ ਝੰਡੇ ਝੁਲਾਉਣ ਦੀ ਬਜਾਏ ਬਾਦਲਕੇ ਆਰ.ਐੱਸ.ਐਸ. ਨਾਲ ਮਿਲ ਕੇ ਭਗਵਾਂ ਝੰਡਾ ਝੁਲਾਉਣ ਵਿੱਚ ਯੋਗਦਾਨ ਪਾ ਆਏ, ਬਾਦਲਾਂ ਦੇ ਦਿਲ ਵਿੱਚ ਹਿੰਦੂ ਰਾਸ਼ਟਰ ਵੱਸਦਾ ਹੈ ਤੇ ਉਹ ਪੰਜਾਬ ਦੀ ਧਰਤੀ ਨੂੰ ਹਿੰਦੂਤਵ ਵਿੱਚ ਰੰਗਣਾ ਚਾਹੁੰਦੇ ਹਨ।




ਭਾਜਪਾ ਨਾਲ ਮਿਲ ਕੇ ਬਾਦਲ ਦਲ ਲੰਬੇ ਸਮੇਂ ਤੋਂ ਇਹੀ ਕੁਝ ਤਾਂ ਕਰਦਾ ਰਿਹਾ ਸੀ। ਜਿਸ ਭਾਜਪਾ ਨੂੰ ਪੰਜਾਬ ਵਿੱਚ ਕੋਈ ਪੁੱਛਦਾ ਨਹੀਂ ਸੀ ਉਸ ਭਾਜਪਾ ਨੂੰ ਬਾਦਲ ਦਲ ਨੇ ਆਪਣੇ ਸਿਆਸੀ ਹਿੱਤਾਂ ਲਈ ਐਨਾ ਮਜਬੂਤ ਕਰ ਦਿੱਤਾ ਕਿ ਹੁਣ ਭਾਜਪਾ ਦੇ ਅੱਗੇ ਬਾਦਲਕੇ ਕੌਡੀਆਂ ਦੇ ਭਾਅ ਦੇ ਵੀ ਨਹੀਂ ਰਹੇ। ਭਾਜਪਾ ਬਾਦਲ ਦਲ ਨੂੰ ਖਾ ਗਈ ਪਰ ਬਾਦਲਕਿਆਂ ਨੂੰ ਫਿਰ ਵੀ ਸ਼ਰਮ ਨਹੀਂ ਆਈ ਉਹ ਭਾਜਪਾ ਅੱਗੇ ਕੌਡੇ ਹੋਏ ਫਿਰਦੇ ਹਨ। ਹਿੰਦੂ-ਸਿੱਖ ਏਕਤਾ ਦੀਆਂ ਗੱਲਾਂ ਕਰਨ ਵਾਲੇ ਬਾਦਲਕੇ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ, ਝੂਠੇ ਪੁਲਿਸ ਮੁਕਾਬਲੇ, ਗਲਾਂ ਵਿੱਚ ਪਏ ਬਲ਼ਦੇ ਟਾਇਰ ਅਤੇ ਥਾਣਿਆਂ ਵਿੱਚ ਸਿੱਖ-ਲੜਕੀਆਂ ਦੀਆਂ ਲੁੱਟੀਆਂ ਪੱਤਾਂ ਭੁੱਲ ਗਏ! ਬਾਦਲ ਦਲ ਦੀ ਹਮਾਇਤ ਨਾਲ ਪੰਜਾਬ ਯੂਨੀਵਰਸਿਟੀ ਦੀਆਂ ਚੋਣਾਂ ਵਿੱਚ ਹੋਈ ਜਿੱਤ ਤੋਂ ਬਾਅਦ ਏ.ਬੀ.ਵੀ.ਪੀ. (ਭਾਜਪਾ) ਨੇ ਪ੍ਰੈੱਸ ਕਾਨਫਰੰਸ ਵਿੱਚ ਐੱਸ.ਓ.ਆਈ. (ਬਾਦਲ ਦਲ) ਨੂੰ ਰੱਜ ਕੇ ਜ਼ਲੀਲ ਕੀਤਾ ਪਰ ਬਾਦਲਕੇ ਉਹਨਾਂ ਦੀਆਂ ਜੁੱਤੀਆਂ ਚੱਟਦੇ ਰਹੇ।

ਸੁਖਬੀਰ ਬਾਦਲ ਤਰਲੋਮੱਛੀ ਹੈ ਕਿ ਉਸ ਦਾ ਭਾਜਪਾ ਨਾਲ ਗੱਠਜੋੜ ਹੋ ਜਾਵੇ ਤੇ 2027 ਦੀਆਂ ਚੋਣਾਂ ਜਿੱਤ ਕੇ ਉਹ ਮੁੱਖ ਮੰਤਰੀ ਬਣ ਜਾਵੇ! ਜਿਹੜਾ ਭਗਵਾਂ ਝੰਡਾ ਯੂਨੀਵਰਸਿਟੀ ਵਿੱਚ ਲਹਿਰਾਇਆ ਉਹ ਬਾਦਲਕੇ ਪੰਜਾਬ ਦੇ ਹਰ ਘਰ ਵਿੱਚ ਲਹਿਰਾਉਣਾ ਚਾਹੁੰਦੇ ਹਨ। ਬਾਦਲਕਿਆਂ ਦਾ ਕੋਈ ਦੀਨ-ਇਮਾਨ ਨਹੀਂ। ਕਦੇ ਸੁਖਬੀਰ ਬਾਦਲ ਬਿਆਨ ਦਿੰਦਾ ਹੈ ਕਿ "ਭਾਜਪਾ ਨਾਲ ਰਲਣ ਵਾਲੇ ਸਿੱਖ ਨੂੰ ਆਪਣਾ ਡੀ.ਐੱਨ.ਏ. ਟੈਸਟ ਕਰਵਾਉਣਾ ਚਾਹੀਦਾ ਹੈ" ਪਰ ਹੁਣ ਇਹੀ ਸੁਖਬੀਰ ਬਾਦਲ ਭਾਜਪਾ ਦੀ ਦੁਲਹਣ ਬਣਨ ਲਈ ਹਾਰ-ਸ਼ਿੰਗਾਰ ਕਰੀ ਬੈਠਾ ਹੈ।

ਬਾਦਲ ਦਲ ਨੇ ਰਾਧਾ ਸੁਆਮੀਆਂ ਅਤੇ ਨਕਲੀ ਨਿਰੰਕਾਰੀਆਂ ਦੀਆਂ ਵੋਟਾਂ ਨਾਲ 1979 ਵਿੱਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿੱਚ ਫੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਜੀ ਨੂੰ ਹਰਾਇਆ ਸੀ, 2019 ਵਿੱਚ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਸੁਪਤਨੀ ਬੀਬੀ ਪਰਮਜੀਤ ਕੌਰ ਖਾਲੜਾ ਨੂੰ ਹਰਾਇਆ ਤੇ ਹੁਣ 2026 ਵਿੱਚ 'ਸੱਥ' ਦੀ ਹਾਰ ਉੱਤੇ ਜਿੱਤ ਦੀਆਂ ਖ਼ੁਸ਼ੀਆਂ ਮਨਾ ਕੇ ਬਾਦਲਕੇ ਆਪਣਾ ਮੂੰਹ ਆਪੇ ਕਾਲ਼ਾ ਕਰ ਗਏ। ਇਹਨਾਂ ਨੇ ਪਹਿਲਾਂ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਕਾਬਲੇ ਯੂਥ ਅਕਾਲੀ ਦਲ ਬਣਾਇਆ, ਫਿਰ ਫੈਡਰੇਸ਼ਨ ਨੂੰ ਕਈ ਫਾੜ ਕੀਤਾ ਅਤੇ ਫਿਰ ਸਟੂਡੈਂਟਸ ਆਰਗੇਨਾਈਜੇਸ਼ਨ ਆਫ਼ ਇੰਡੀਆ ਬਣਾ ਲਈ। ਬਾਦਲ ਦਲ ਦਾ ਨਿਸ਼ਾਨਾ ਪੰਥ ਅਤੇ ਪੰਜਾਬ ਨੂੰ ਤਬਾਹ ਕਰਨਾ ਹੈ। ਪਰ ਕਲਗੀਆਂ ਵਾਲੇ ਦੇ ਇਸ ਖਾਲਸਾ ਪੰਥ ਅਤੇ ਦੇਸ ਪੰਜਾਬ ਨੇ ਕਦੇ ਖ਼ਤਮ ਨਹੀਂ ਹੋਣਾ ਪਰ ਬਾਦਲ ਦਲ ਦਾ ਅੰਤ ਹੋਣਾ ਯਕੀਨਨ ਹੈ। ਪੰਥ ਅਤੇ ਪੰਜਾਬ ਵਾਸੀ ਬਾਦਲਕਿਆਂ ਨੂੰ ਮੂੰਹ ਨਹੀਂ ਲਾਉਣਗੇ ਤੇ ਇੱਕ ਦਿਨ ਬਾਦਲਕੇ ਰੂੜੀਆਂ ਤੋਂ ਗੰਦ ਚੁੱਕਣ ਲਈ ਮਜ਼ਬੂਰ ਹੋਣਗੇ, ਸੁਖਬੀਰ ਬਾਦਲ ਦਾ ਅੰਤ ਲਖਪਤ ਰਾਏ ਵਾਲਾ ਹੋਵੇਗਾ।